20262390
03/02/2026

# ਚੋਣਕਾਰ ਰਜਿਸਟਰੇਸ਼ਨ ਅਫਸਰ, 092-ਬਠਿੰਡਾ (ਸ਼ਹਿਰੀ)
# -ਕਮ- ਉਪ ਮੰਡਲ ਮੈਜਿਸਟਰੇਟ, ਬਠਿੰਡਾ

(Room No. 316, 2nd Floor, Mini Secretariat, Bathinda) E-Mail ID :- cro-92@punjab.gov.in

ਪੱਤਰ ਨੰ: 210-211/ਚੋਣਾਂ 2026 ਮਿਤੀ 03/02/2026

ਵੱਲ

1. ਸਮੂਹ ਸੈਕਟਰ ਅਫਸਰ,
2. ਸਮੂਹ ਬੀ.ਐਲ.ਓਜ.,
   092 ਬਠਿੰਡਾ ਸ਼ਹਿਰੀ।

**ਵਿਸ਼ਾ:-** **ਬਲੈਕ ਐਂਡ ਵਾਈਟ ਅਤੇ ਬਲਰਡ ਫੋਟੋਆਂ ਦੀ ਗਿਣਤੀ ਅਤੇ ਸੀਅਰਲ ਨੰਬਰ ਦੇਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਚੋਣ ਅਫਸਰ, ਪੰਜਾਬ ਜੀ ਦੀਆਂ ਹਦਾਇਤਾਂ ਅਨੁਸਾਰ ਸਮੂਹ ਬੀ.ਐਲ.ਓਜ. ਨੂੰ ਮਿਤੀ 15.01.2026 ਤੋਂ 22.01.2026 ਤੱਕ ਬਲੈਕ ਐਂਡ ਵਾਈਟ ਅਤੇ ਬਲਰਡ ਫੋਟੋਆਂ ਦੀ ਸੁਦਾਈ ਲਈ ਫਾਰਗ ਕਰਵਾਇਆ ਗਿਆ ਸੀ, ਪਰੰਤੂ ਬੀ.ਐਲ.ਓ. ਵੱਲੋ ਭਰੇ ਗਏ ਫਾਰਮਾਂ ਦੀ ਗਿਣਤੀ ਬਹੁਤ ਹੀ ਘੱਟ ਹੈ। ਹੁਣ ਇਹਨਾਂ ਵੋਟਰ ਸੂਚੀਆਂ ਵਿੱਚੋ ਬਲਰਡ ਅਤੇ ਬਲੈਂਕ ਐਂਡ ਵਾਈਟ ਫੋਟੋਆਂ ਦੀ ਗਿਣਤੀ ਸਬੰਧੀ ਡਾਟਾ ਤਿਆਰ ਕੀਤਾ ਜਾਣਾ ਹੈ। ਇਸ ਲਈ ਆਪ ਨੂੰ ਸਮੇਤ ਬੀ.ਐਲ.ਓ. ਮਿਤੀ 04.02.2026 ਨੂੰ ਆਪਣੇ ਪਿਤਰੀ ਵਿਭਾਗ ਤੋ ਫਾਰਗ ਕਰਵਾਇਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਬੀ.ਐਲ.ਓਜ. ਨੂੰ ਆਪਣੇ ਪਾਸ ਬੁਲਾਇਆ ਜਾਵੇ ਅਤੇ ਰੰਗੀਨ ਵੋਟਰ ਸੂਚੀਆਂ ਵਿੱਚੋ ਬਲੈਕ ਐਂਡ ਵਾਈਟ ਅਤੇ ਬਲਰਡ ਫੋਟੋਆਂ ਦੀ ਗਿਣਤੀ ਕਰਵਾ ਕੇ ਉਹਨਾਂ ਦੇ ਸੀਰੀਅਲ ਨੰਬਰ ਨੋਟ ਕਰਕੇ ਰਿਪੋਰਟ ਬੂੱਥ ਵਾਈਜ ਤਿਆਰ ਕਰਨ ਉਪਰੰਤ ਕੱਲ ਮਿਤੀ 04.02.2026 ਨੂੰ ਹੀ ਈ.ਆਰ.ਓ ਗਰੁਪ ਵਿੱਚ ਜਾਂ ਨਿਮਨਹਸਤਾਖਰ ਦੇ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ। ਇਸ ਕੰਮ ਨੂੰ ਪਰਮ ਅਗੇਤ ਦਿੱਤੀ ਜਾਵੇ। ਕੰਮ ਪੂਰਾ ਨਾ ਹੋਣ ਤੇ ਜਾਂ ਰਿਪੋਰਟ ਸਮੇਂ ਸਿਰ ਨਾ ਭੇਜਣ ਤੇ ਸਬੰਧਤ ਸੈਕਟਰ ਅਫਸਰ ਅਤੇ ਬੀ.ਐਲ.ਓ. ਖਿਲਾਫ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਜੇਕਰ ਕਿਸੇ ਸੈਕਟਰ ਅਫਸਰ ਪਾਸ ਬੀ.ਐਲ.ਓਜ. ਨਾਲ ਮੀਟਿੰਗ ਲਈ ਜਗ੍ਹਾ ਉਪਲੱਬਧ ਨਹੀ ਹੈ ਤਾਂ ਉਹ ਆਪਣੇ ਓਪਰੇਟਰ ਨੂੰ ਨੋਟ ਕਰਵਾ ਕੇ ਐਸ.ਡੀ.ਐਮ. ਦਫਤਰ ਵਿਖੇ ਮੀਟਿੰਗ ਕਰ ਸਕਦੇ ਹਨ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਪਿੱਠ ਅੰਕਣ ਨੰ: 212-215 ਮਿਤੀ: 03/02/2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿਤ,
2. ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ. ਸਿੱਖਿ.) ਬਠਿੰਡਾ,
3. ਜ਼ਿਲ੍ਹਾ ਸਿੱਖਿਆ ਅਫਸਰ (ਐਲ. ਸਿੱਖਿ.) ਬਠਿੰਡਾ
4. ਸਮੂਹ ਵਿਭਾਗਾ ਦੇ ਮੁੱਖੀ,
   ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਧਿਕਾਰੀਆਂ/ਕਰਮਚਾਰੀਆਂ ਨੂੰ ਮਿਤੀ 04.03.2026 ਨੂੰ ਆਪਣੀ ਵਿਭਾਗੀ ਡਿਊਟੀ ਤੋ ਫਾਰਗ ਕੀਤਾ ਜਾਵੇ ਅਤੇ ਉਕਤ ਦਰਸਾਏ ਕੰਮ ਨੂੰ ਕਰਨ ਲਈ ਪਾਬੰਦ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: [illegible]/1/2026/7018 ਮਿਤੀ: 03/02/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ, ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ।

03/02/26
ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।